Surrey Schools
LEADERSHIP IN LEARNING

ਅਕਤੂਬਰ ਦਾ ਅੱਧ ਹੈ ਅਤੇ ਮੈਂ ਆਪਾਂ ਸਾਰਿਆਂ ਨੂੰ ਇਕ ਗੱਲ ਯਾਦ ਕਰਵਾਉਣੀ ਚਾਹੁੰਦਾ ਹਾਂ। ਇਸ ਵੀਕਇੰਡ 'ਤੇ, ਸ਼ੁੱਕਰਵਾਰ, ਸਨਿੱਚਰਵਾਰ ਅਤੇ ਐਤਵਾਰ ਨੂੰ ਅਸੀਂ ਵਾਇਰਸ ਨਾਲ ਸੰਪਰਕ ਦੇ 9 ਹੋਰ ਅਗੇਤੇ ਨੋਟਿਸ ਜਾਰੀ ਕੀਤੇ ਹਨ, ਅਤੇ ਮੇਰੀ ਗਿਣਤੀ ਅਨੁਸਾਰ ਸਕੂਲ ਦਾ ਸਾਲ ਸ਼ੁਰੂ ਹੋਣ ਤੋਂ ਲੈ ਕੇ ਹੁਣ ਤੱਕ ਇਸ ਤਰ੍ਹਾਂ ਦੇ ਨੋਟਿਸਾਂ ਦੀ ਕੁੱਲ ਗਿਣਤੀ 68 ਹੋ ਗਈ ਹੈ। ਸਾਡੇ ਸਕੂਲਾਂ ਵਿੱਚ ਜੋ ਦਿਖਾਈ ਦੇ ਰਿਹਾ ਹੈ, ਉਹ ਸਾਡੇ ਭਾਈਚਾਰੇ ਦਾ ਅਕਸ ਹੈ, ਜਿੱਥੇ ਸਰੀ ਤੋਂ ਅਗਾਂਹ ਤੱਕ ਜਾਣ ਵਾਲੀ ਫਰੇਜ਼ਰ ਹੈਲਥ ਅਥਾਰਟੀ ਵਿੱਚ  ਰਿਪੋਰਟ ਕੀਤੇ ਗਏ ਅਤੇ ਸਰਗਰਮ ਕੇਸਾਂ ਦੀ ਗਿਣਤੀ ਬਾਕੀ ਦੇ ਸਾਰੇ ਸੂਬੇ ਦੀ ਕੁੱਲ ਗਿਣਤੀ ਤੋਂ ਜ਼ਿਆਦਾ ਹੈ। ਇਸ ਸਮੇਂ ਸਾਡੇ ਖੇਤਰ ਵਿੱਚ 1000 ਤੋਂ ਵੱਧ ਸਰਗਰਮ ਕੇਸ ਹਨ, ਜਿਹੜੇ ਸੂਬੇ ਦੇ ਸਾਰੇ ਸਰਗਰਮ ਕੇਸਾਂ ਦੇ 70% ਦੇ ਕਰੀਬ ਹਨ। ਆਪਣੇ ਭਾਈਚਾਰੇ ਵਿੱਚ ਕੋਵਿਡ ਦੇ ਫੈਲਣ ਨੂੰ ਰੋਕਣ ਲਈ ਅਸੀਂ ਬਹੁਤ ਚੀਜ਼ਾਂ ਕਰ ਰਹੇ ਹਾਂ ਅਤੇ ਬਹੁਤ ਸਾਰੀਆਂ ਚੀਜ਼ਾਂ ਹਨ ਜੋ ਅਸੀਂ ਕਰਦੇ ਰਹਿ ਸਕਦੇ ਹਾਂ। ਇਕ ਚੀਜ਼ ਜਿਹੜੀ ਅਸੀਂ ਕਰਨਾ ਚਾਹੁੰਦੇ ਹਾਂ, ਉਹ ਹੈ ਮਾਸਕਾਂ ਦੀ ਵਰਤੋਂ, ਖਾਸ ਕਰਕੇ ਸਟਾਫ ਮੈਂਬਰਾਂ ਵੱਲੋਂ ਮਾਸਕਾਂ ਦੀ ਵਰਤੋਂ, ਬਾਰੇ ਸਪਸ਼ਟ ਹੋਣਾ। ਇਹ ਈਮੇਲ ਇਹ ਯਕੀਨੀ ਬਣਾਉਣ ਦੇ ਸਾਂਝੇ ਯਤਨਾਂ ਦੇ ਸਮਰਥਨ ਲਈ ਹੈ ਕਿ ਅਸੀਂ ਉਹ ਕਦਮ ਚੁੱਕਦੇ ਆ ਰਹੇ ਹਾਂ, ਜਿਹਨਾਂ ਨੂੰ ਚੁੱਕਣ ਦੀ ਲੋੜ ਹੈ।

ਇਕ ਸਕੂਲ ਜ਼ਿਲ੍ਹੇ ਵੱਜੋਂ ਅਸੀਂ ਸੂਬੇ ਅਤੇ ਸਰਕਾਰ ਦੀ ਸੇਧ ਅਤੇ ਉਨ੍ਹਾਂ ਦੇ ਨਿਯਮਾਂ ਦੇ ਅਧੀਨ ਹਾਂ। ਨਿਯਮਾਂ ਵਿੱਚ ਲਿਖਿਆ ਹੈ:

> *"ਸਟਾਫ ਮੈਂਬਰਾਂ ਨੂੰ ਵੱਧ ਆਵਾਜਾਈ ਵਾਲੀਆਂ ਥਾਂਵਾਂ, ਜਿਵੇਂ ਬੱਸਾਂ ਅਤੇ ਹਾਲਾਂ ਵਰਗੀਆਂ ਸਾਂਝੀਆਂ ਥਾਂਵਾਂ ਵਿੱਚ ਜਾਂ ਆਪਣੇ ਸਿੱਖਣ ਦੇ ਸਮੂਹਾਂ (ਲਰਨਿੰਗ ਗਰੁੱਪਸ) ਤੋਂ ਬਾਹਰ ਕਿਸੇ ਵੀ ਸਮੇਂ ਜਦੋਂ ਸਰੀਰਕ ਦੂਰੀ ਕਾਇਮ ਨਾ ਰੱਖੀ ਜਾ ਸਕਦੀ ਹੋਵੇ (ਜਿਵੇਂ ਜਦੋਂ ਫਿਰਤੂ ਟੀਚਰ/ਸਪੈਸ਼ਲਿਸਟ/ਵਿਦਿਅਕ ਸਹਾਇਕ ਸਿੱਖਣ ਦੇ ਕਈ ਸਮੂਹਾਂ (ਕਈ ਲਰਨਿੰਗ ਗਰੁੱਪਸ) ਨਾਲ ਅਦਾਨ ਪ੍ਰਦਾਨ ਕਰ ਰਹੇ ਹੋਣ) ਨਾਨ-ਮੈਡੀਕਲ ਮਾਸਕ, ਚਿਹਰੇ ਨੂੰ ਢਕਣ ਵਾਲੀ ਕੋਈ ਚੀਜ਼ ਜਾਂ ਫੇਸ ਸ਼ੀਲਡ ਪਾਉਣ ਦੀ ਜ਼ਰੂਰਤ ਹੈ। ਸਟਾਫ ਦੇ ਉਨ੍ਹਾਂ ਮੈਂਬਰਾਂ ਨੂੰ ਛੋਟ ਦਿੱਤੀ ਜਾਵੇਗੀ ਜਿਹੜੇ ਮੈਡੀਕਲ ਅਤੇ/ਜਾਂ ਡਿਸਏਬਲਿਟੀ ਨਾਲ ਸੰਬੰਧਤ ਕਾਰਨਾਂ ਕਰਕੇ ਮਾਸਕ ਨਾ ਪਾ ਸਕਦੇ ਹੋਣ।"*

ਅਸੀਂ ਸਮਝਦੇ ਹਾਂ ਕਿ ਕਈ ਤਰ੍ਹਾਂ ਦੇ ਹਾਲਤ ਹੋ ਸਕਦੇ ਹਨ ਜਿਹਨਾਂ ਵਿੱਚ ਮਾਸਕ ਨਹੀਂ ਪਾਏ ਜਾਣਗੇ, ਜਿਵੇਂ ਕਿਸੇ ਅਜਿਹੀ ਮੈਡੀਕਲ ਹਾਲਤ ਦਾ ਹੋਣਾ ਜਿਸ ਕਾਰਨ ਮਾਸਕ ਨਾ ਪਹਿਨਿਆ ਜਾ ਸਕਦਾ ਹੋਵੇ। ਫਿਰ ਵੀ ਅਸੀਂ ਮਹਿਸੂਸ ਕਰਦੇ ਹਾਂ ਕਿ ਇਕ ਜ਼ਿਲ੍ਹੇ ਵੱਜੋਂ, ਸਾਨੂੰ ਕੋਵਿਡ-19 ਦੇ ਫੈਲਣ ਨੂੰ ਰੋਕਣ ਲਈ ਆਪਣੇ ਇਖਤਿਆਰ ਵਿੱਚਲੀ ਹਰ ਉਹ  ਚੀਜ਼ ਕਰਨੀ ਚਾਹੀਦੀ ਹੈ, ਜੋ ਅਸੀਂ ਕਰ ਸਕਦੇ ਹਾਂ। ਅਸੀਂ ਸਤਿਕਾਰ ਨਾਲ ਸਟਾਫ ਦੇ ਸਾਰੇ ਮੈਂਬਰਾਂ ਨੂੰ ਦੱਸੇ ਗਏ ਨਿਯਮਾਂ ਦੀ ਪਾਲਣਾ ਕਰਨ ਲਈ ਕਹਿ ਰਹੇ ਹਾਂ। ਕਿਰਪਾ ਕਰਕੇ ਹਰ ਵਾਰ ਸਾਂਝੀਆਂ ਥਾਂਵਾਂ ਵਿੱਚ ਹੋਣ ਸਮੇਂ ਮਾਸਕ ਪਾਉ।  ਫੋਟੋਕਾਪੀਆਂ ਕਰਨ ਵਾਲੇ ਕਮਰਿਆਂ ਵਿੱਚ, ਹਾਲਾਂ ਵਿੱਚ, ਲੰਚਰੂਮਾਂ ਵਿੱਚ ਮਾਸਕ ਰੋਕਥਾਮ ਕਰਨ ਦੇ ਵੱਡੇ ਪ੍ਰੋਗਰਾਮ ਦਾ ਇਕ ਹਿੱਸਾ ਹਨ। ਇਹ ਬੇਨਤੀ ਇਕ ਪਾਸੇ ਤੁਹਾਡੇ ਦੁਆਲੇ ਦੇ ਲੋਕਾਂ ਦੇ ਸਤਿਕਾਰ ਦੇ ਲਈ ਹੈ, ਪਰ ਉਸ ਦੇ ਨਾਲ ਹੀ ਸਰਲ ਸ਼ਬਦਾਂ ਵਿੱਚ ਇਹ ਇਕ ਹੋਰ ਕਦਮ ਹੈ ਜਿਹੜਾ ਸਾਡੇ ਸਮੁੱਚੇ ਯਤਨਾਂ ਦਾ ਸਮਰਥਨ ਕਰ ਸਕਦਾ ਹੈ।

ਸਾਂਝੀਆਂ ਥਾਂਵਾਂ ਵਿੱਚ ਹੋਣ ਸਮੇਂ ਸਾਰੇ ਲੋਕ ਮਾਸਕ ਨਹੀਂ ਪਾ ਸਕਣਗੇ। ਅਸੀਂ ਤੁਹਾਨੂੰ ਲੋਕਾਂ ਦੀਆਂ ਵਿਅਕਤੀਗਤ ਸਥਿਤੀਆਂ ਦਾ ਸਤਿਕਾਰ ਕਰਨ ਲਈ ਬੇਨਤੀ ਕਰਦੇ ਹਾਂ, ਪਰ ਫਿਰ ਵੀ, ਇਕ ਜ਼ਿਲ੍ਹੇ ਵੱਜੋਂ ਅਸੀਂ ਤੁਹਾਨੂੰ ਬੇਨਤੀ ਕਰਦੇ ਹਾਂ ਕਿ ਕਿਰਪਾ ਕਰਕੇ ਜਦੋਂ ਵੀ ਤੁਸੀਂ ਸਾਂਝੀਆਂ ਥਾਂਵਾਂ ਵਿੱਚ ਜਾਵੋ ਤਾਂ ਮਾਸਕ ਦੀ ਵਰਤੋਂ ਕਰੋ। ਆਪਣੇ ਨਿੱਜੀ ਵਤੀਰੇ ਵਿੱਚ ਤਬਦੀਲੀ ਕਰਨ ਵਿੱਚ ਸਮਾਂ ਲੱਗਦਾ ਹੈ ਅਤੇ ਇਸ ਬਾਰੇ ਕੋਈ ਸ਼ੱਕ ਨਹੀਂ ਕਿ ਇਹ ਨਵੇਂ ਕਦਮ ਵੀ ਪੂਰਨਤਾ ਤੱਕ ਪਹੁੰਚਣਗੇ। ਮੈਂ ਖੁਦ ਆਪਣਾ ਅਮਲ ਅਤੇ ਵਤੀਰਾ ਬਦਲਿਆ ਹੈ, ਅਜਿਹਾ ਕਰਨ ਲਈ ਮੈਨੂੰ ਯਤਨ ਕਰਨੇ ਪਏ ਹਨ ਅਤੇ ਸਮਾਂ ਲੱਗਾ ਹੈ। ਦੂਜੇ ਲੋਕਾਂ ਨਾਲ ਮਿਲਣ ਸਮੇਂ ਜਾਂ ਉਨ੍ਹਾਂ ਵਿੱਚ ਵਿਚਰਨ ਸਮੇਂ ਮੈਂ ਹੁਣ ਇਸ ਨੂੰ ਆਪਣੇ ਰੋਜ਼ਾਨਾ ਕਾਰਜਾਂ ਦਾ ਇਕ ਹਿੱਸਾ ਸਮਝਦਾ ਹਾਂ ਅਤੇ ਉਮੀਦ ਕਰਦਾ ਹਾਂ ਕਿ ਆਪਾਂ ਸਾਰਿਆਂ ਦੀ ਸਿਹਤ ਅਤੇ ਸੁਰੱਖਿਆ ਲਈ ਤੁਸੀਂ ਵੀ ਇਸ ਨੂੰ ਇਸ ਤਰ੍ਹਾਂ ਹੀ ਸਮਝੋਗੇ।